(i) **Printed Pages : 3** **Roll No. ...............................**

(ii) **Questions : 8** **Sub. Code : 0 3 0 9**

**Exam. Code : 0 0 0 4**

**B.A./B.Sc. (General) 4th Sem.**

**(2042)**

**PUNJABI**

**Paper : (Elective)**

**Time Allowed : Three Hours]** **[Maximum Marks : 90**

**ਨੋਟ :–** ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ।

1. ਹੇਠ ਲਿਖੇ ਕਾਵਿ-ਟੁਕੜਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

"ਦਿਲਹੁ ਮੁਹਬਤਿ ਜਿੰਨੁ ਸੇਈ ਸਚਿਆ
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ
ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ
ਵਿਸਰਿਆ ਜਿਨਾ ਨਾਮੁ ਤੇ ਭੁਇ ਭਾਰ ਥੀਏ"

**ਜਾਂ**

"ਘਰ ਮੌਜਮ ਦੇ ਧੀਦੋ ਜੰਮਿਆ, ਹੋਈ ਜੱਗ ਵਧਾਈ
ਘਰ ਸ਼ਦਿਆਨੇ ਮੌਜਮ ਰੱਖੇ ਅਜ਼ਮਤ ਕੀ ਰੁਸ਼ਨਾਈ
ਦੋ ਵਰ੍ਹਿਆਂ ਦਾ ਧੀਦੋ ਹੋਇਆ, ਢੁੱਕ ਰਹੀ ਕੁੜਮਾਈ
ਚਹੁੰ ਵਰ੍ਹਿਆਂ ਦਾ ਧੀਦੋ ਹੋਇਆ ਤਾਂ ਸੂਰਜ ਝਾਤ ਦਿਖਾਈ"। 10

2. ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਆਲੋਚਨਾ/ਸਮੀਖਿਆ ਕਰੋ :

"ਰਹੀਏ ਵੇ, ਨਾਲ ਸਜਣ ਦੇ, ਰਹੀਏ ਵੇ।
ਲਖ ਲਖ ਬਦੀਆਂ ਤੇ ਸਉ ਸਉ ਤਾਹਨੇ ਸਭੇ ਸਿਰ ਤੇ ਸਹੀਏ ਵੇ
ਤੋੜੇ ਸਿਰ ਵੰਞੇ ਧੜ ਨਾਲੋਂ, ਤਾਂ ਵੀ ਹਾਲ ਨ ਕਹੀਏ ਵੇ
ਸੁਖਨ ਜਿਨ੍ਹਾ ਦਾ ਹੋਵੇ ਦਾਰੂ, ਹਾਲ ਉਥਾਈ ਕਰੀਏ ਵੇ
ਚੰਦਨ ਰੁਖ ਲਗਾ ਵਿੱਚ ਵੇਹੜੇ, ਜ਼ੋਰ ਧਿੰਙਾਣੇ ਖਹੀਏ ਵੇ
ਕਹੈ ਹੁਸੈਨ ਫਕੀਰ ਸਾਈਂ ਦਾ ਜੀਵੰਦਿਆਂ ਮਰ ਰਹੀਏ ਵੇ"

**ਜਾਂ**

ਦਾਲ ਦਿਲ ਦਰਿਆ ਸਮੁੰਦਰੋਂ ਡੂੰਘਾ ਕੌਣ ਦਿਲਾਂ ਦੀਆਂ ਜਾਣੇ ਹੂ
ਵਿਚ ਬੇੜੇ, ਵਿੱਚ ਝੇੜੇ, ਵਿਚੇ ਵੰਝ ਮੁਹਾਣੇ ਹੂ
ਚੌਦਾਂ ਤਬਕ ਦਿਲੇ ਦੇ ਅੰਦਰ, ਤੰਬੂ ਵਾਂਗਣ ਤਾਣੇ ਹੂ
ਜੋ ਦਿਲ ਦਾ ਮਹਿਰਮ ਹੋਵੇ ਬਾਹੂ ਸੋਈਓ ਰੱਬ ਪਛਾਣੇ ਹੂੰ। 10

3. 'ਭੱਤਾ' ਕਹਾਣੀ ਦਾ ਵਿਸ਼ਾ ਸਪੱਸ਼ਟ ਕਰੋ।

**ਜਾਂ**

'ਸੱਗੀ ਫੁੱਲ' ਕਹਾਣੀ ਦੇ ਪਾਤਰਾਂ ਨਾਲ ਜਾਣ ਪਛਾਣ ਕਰਵਾਉ। 10

4. 'ਸ਼ੇਰਨੀਆਂ' ਕਹਾਣੀ ਦੀ ਸਾਹਿਤਕ ਦ੍ਰਿਸ਼ਟੀਕੋਣ ਤੋਂ ਪਰਖ ਕਰੋ।

**ਜਾਂ**

'ਗੋਈ' ਕਹਾਣੀ ਦੀ ਸਾਹਿਤਕ ਦ੍ਰਿਸ਼ਟੀਕੋਣ ਤੇ ਆਲੋਚਨਾ ਕਰੋ। 10

5. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੇਵਲ **ਪੰਜ** ਦੇ ਉੱਤਰ **ਤਿੰਨ-ਚਾਰ** ਸਤਰਾਂ ਵਿੱਚ ਦਿਉ :

(i) ਸ਼ੇਰਨੀਆਂ ਕਹਾਣੀ ਦੇ ਪਾਤਰਾਂ ਦੇ ਨਾਮ ਲਿਖੋ।

(ii) ਜੀਨਤ ਆਪਾ ਕਹਾਣੀ ਦੇ ਲੇਖਕ ਦਾ ਨਾਮ ਦੱਸੋ।

(iii) ਸੱਗੀ ਫੁੱਲ ਕਹਾਣੀ ਦੇ ਲੇਖਕ ਦਾ ਨਾਮ ਦੱਸੋ।

(iv) ਈਸਰ ਤੇ ਮੁਨੋਂ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ ?

(v) ਫਿਰੋਜ਼ ਡੋਗਰ ਨੇ ਖੀਵੇ ਖਾਨ ਨੂੰ ਕੀ ਕਿਹਾ ?

(vi) ਸਾਹਿਬਾਂ ਦਾ ਜਨਮ ਕਦੋਂ ਤੇ ਕਿਸ ਦੇ ਘਰ ਹੋਇਆ ?

(vii) ਰਾਂਝੇ ਦਾ ਅਸਲੀ ਨਾਮ ਕੀ ਹੈ ?

(viii) ਹੀਰ ਦੇ ਪਿਤਾ ਦਾ ਕੀ ਨਾਮ ਸੀ ? 2×5=10

6. ਸਾਹਿਤ ਅਤੇ ਸਮਾਜ **ਜਾਂ** ਸਾਹਿਤ ਅਤੇ ਸ਼ਖ਼ਸੀਅਤ ਉਤੇ ਨੋਟ ਲਿਖੋ। 10

7. ਉਪਭਾਸ਼ਾ ਕੀ ਹੁੰਦੀ ਹੈ ?

**ਜਾਂ**

ਭਾਸ਼ਾ ਅਤੇ ਉਪਭਾਸ਼ਾ ਵਿੱਚ ਅੰਤਰ ਸਪਸ਼ਟ ਕਰੋ। 10

8. ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਓ :

(i) ਸ਼ੇਖ ਫਰੀਦ ਦੇ ਜੀਵਨ ਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਦੱਸੋ।

(ii) ਗੁਰੂ ਨਾਨਕ ਕਾਲ ਦੀ ਸੂਫੀ ਕਾਵਿ-ਧਾਰਾ ਬਾਰੇ ਜਾਣਕਾਰੀ ਦਿਉ।

(iii) ਪੰਜਾਬੀ ਕਿੱਸਾ-ਕਾਵਿ ਦਾ ਪਿਤਾਮਾ ਕੌਣ ਹੈ ? ਉਸਦੀ ਰਚਨਾ ਦੀਆਂ ਵਿਸ਼ੇਸ਼ਤਾਈਆਂ ਦੱਸੋ।

(iv) ਮੱਧਕਾਲ ਨੂੰ ਕਿੱਸਾ-ਕਾਵਿ ਦਾ ਸੁਨਿਹਰੀ ਯੁਗ ਕਿਉਂ ਕਿਹਾ ਜਾਂਦਾ ਹੈ ?

(v) ਵਾਰਿਸ ਸ਼ਾਹ ਦਾ ਜਨਮ ਕਦੋਂ ਤੇ ਕਿੱਥੇ ਹੋਇਆ ਅਤੇ ਰਚਨਾਵਾਂ ਬਾਰੇ ਦੱਸੋ।

(vi) ਮੱਧਕਾਲ ਵਿੱਚ ਕਿਨਾਂ-ਕਿਨਾਂ ਪ੍ਰੀਤ ਕਹਾਣੀਆਂ ਨੂੰ ਮੁੱਖ ਰੱਖ ਕੇ ਕਿੱਸੇ ਲਿਖੇ ਗਏ ? 5×4=20